ਵਿਸ਼ਾ ਪੰਜਾਬੀ                                                                                    ਜਮਾਤ ਦਸਵੀਂ

**ਕਿਸੇ ਪੰਜਾਬੀ ਅਖ਼ਬਾਰ ਦੇ ਸੰਪਾਦਕ ਨੂੰ ਚਿੱਠੀ ਲਿਖੋ ਜਿਸ ਵਿੱਚ ਸੜਕਾਂ ਉੱਪਰ ਹੋ ਰਹੀਆਂ ਦੁਰਘਟਨਾਵਾਂ ਕਰਕੇ ਹੋ ਰਹੇ ਜਾਨੀ ਨੁਕਸਾਨ ਬਾਰੇ ਆਪਣੇ ਵਿਚਾਰ ਪ੍ਰਗਟਾਏ ਗਏ ਹੋਣ ।**

ਸੇਵਾ ਵਿਖੇ

ਮਾਨਯੋਗ ਸੰਪਾਦਕ ਸਾਹਿਬ ,

ਜੱਗ ਬਾਣੀ ,

ਜਲੰਧਰ ।

ਵਿਸ਼ਾ - ਸੜਕ ਦੁਰਘਟਨਾਵਾਂ ਕਾਰਨ ਹੋ ਰਹੇ ਜਾਨੀ ਨੁਕਸਾਨ ਸੰਬੰਧੀ ।

ਸ੍ਰੀ ਮਾਨ ਜੀ ,

ਮੈਂ ਜੱਗ ਬਾਣੀ ਅਖਬਾਰ ਰਾਹੀਂ ਨਿੱਤ ਦਿਨ ਸੜਕਾਂ ਤੇ ਹੁੰਦੀਆਂ । ਦੁਰਘਟਨਾਵਾਂ ਵਿੱਚ ਹੋ ਰਹੇ ਜਾਨੀ ਨੁਕਸਾਨ ਬਾਰੇ ਆਪਣੇ ਵਿਚਾਰ ਪੇਸ਼ ਕਰਨੇ ਚਾਹੁੰਦਾ ਹਾਂ ।

ਅਸੀਂ ਪ੍ਰਤੀਦਿਨ ਅਖ਼ਬਾਰਾਂ ਵਿੱਚ ਪੜ੍ਹਦੇ ਅਤੇ ਟੀ . ਵੀ . ਤੇ ਦੇਖਦੇ ਹਾਂ ਕਿ ਹਰ ਰੋਜ਼ ਹੀ ਅਨੇਕਾਂ ਹਾਦਸੇ ਵਾਪਰ ਜਾਂਦੇ ਹਨ ਜਿਨ੍ਹਾਂ ਵਿੱਚ ਕਈ ਆਪਣੀ ਜਾਨ ਤੋਂ ਹੱਥ ਧੋ ਬੈਠਦੇ ਹਨ ਅਤੇ ਕਈ ਬੁਰੀ ਖਾਣ- ਤਰ੍ਹਾਂ ਜ਼ਖ਼ਮੀ ਹੋ ਜਾਂਦੇ ਹਨ । ਹਰ ਇਨਸਾਨ ਦੂਜੇ ਤੋਂ ਅੱਗੇ ਨਿਕਲਣਾ ਦੁੱਧ ਚਾਹੁੰਦਾ ਹੈ । ਇਹ ਕੈਸੀ ਦੌੜ ਹੈ ? ਪੈਸੇ ਦੀ ਜਾਂ ਮੌਤ ਦੀ ਸੁਣ ਕੇ ਤੇ ਦਾਲਾਂ ਦੇਖ ਕੇ ਬਹੁਤ ਦੁੱਖ ਹੁੰਦਾ ਹੈ । ਇਨ੍ਹਾਂ ਦੁਰਘਟਨਾਵਾਂ ਤੇ ਗੰਭੀਰਤਾ ਨਾਲ ਕੈਮੀਕਲ ਵਿਚਾਰ ਕਰਕੇ ਉਨ੍ਹਾਂ ਨੂੰ ਦੂਰ ਕਰਨ ਦੀ ਜ਼ਰੂਰਤ ਹੈ ।

ਮੇਰੇ ਖਿਆਲ ਅਨੁਸਾਰ ਸੜਕ ਹਾਦਸਿਆਂ ਦੇ ਬਹੁਤ ਸਾਰੇ ਕਾਰਨ ਹਨ ਜਿਵੇਂ ਨਸ਼ਾ , ਗੱਡੀਆਂ ਵੱਧ ਸਪੀਡ ਤੇ ਚਲਾਉਣਾ , ਡਰਾਈਵਰ ਅਣਸਿਖਿਅਤ ਹੋਣਾ , ਰਾਈਵਿੰਗ ਨਿਯਮਾਂ ਦੀ ਪਾਲਣਾ ਨਾ ਕਰਨਾ , ਇਸ਼ਾਰਿਆਂ ਜਾਂ ਛਿਪਰਾਂ ਦੀ ਪਾਲਣਾ ਨਾ ਕਰਨਾ , ਸੰਕੇਤ ਚਿਨ੍ਹਾਂ ਦੀ ਘਾਟ , ਖਸਤਾ ਹਾਲਤ ਗੱਡੀਆਂ ਨੂੰ ਸੜਕ ਤੇ ਚਲਾਉਂਦੇ ਰਹਿਣਾ , ਅਵਾਰਾ ਪਸ਼ੂਆਂ ਦਾ ਸੜਕਾਂ ਤੇ ਘੁੰਮਣਾ ਅਤੇ ਸੜਕਾਂ ਦੀ ਹਾਲਤ ਠੀਕ ਨਾ ਹੋਣਾ ਆਦਿ ਬਹੁਤ ਸਾਰੇ ਪ੍ਰਮੁੱਖ ਕਾਰਨ ਹਨ ।

ਮੀਡੀਆ , ਸਮਾਜ ਸੇਵੀ ਸੰਸਥਾਵਾਂ ਅਤੇ ਸਰਕਾਰ ਨੂੰ ਸੜਕ ਹਾਦਸਿਆਂ ਤੋਂ ਬਚਣ ਲਈ ਚੇਤਨਾ ਲਹਿਰ ਚਲਾਉਣੀ ਚਾਹੀਦੀ ਹੈ । ਨਿਯਮ ਭੰਗ ਕਰਨ ਵਾਲਿਆਂ ਨੂੰ ਕਰੜੀ ਸਜ਼ਾ ਦਿਉ । ਗੱਡੀ ਚਾਲਕਾਂ ਨੂੰ ਆਪਣੀ ਜ਼ਿੰਮੇਵਾਰੀ ਸਮਝ ਕੇ ਗੱਡੀ ਚਲਾਉਣੀ ਚਾਹੀਦੀ ਹੈ । ਅਜਿਹਾ ਕਰਨ ਨਾਲ ਅਨੇਕਾਂ ਕੀਮਤੀ ਜਾਨਾਂ ਦਾ ਬਚਾਉ ਹੋ ਸਕਦਾ ਹੈ ਅਤੇ ਫਿਰ ਲੋਕ ਪੰਜਾਬ ਦੀਆਂ ਸੜਕਾਂ ਨੂੰ ਖੂਨੀ ਸੜਕਾਂ ਕਦੇ ਨਹੀਂ ਕਹਿਣਗੇ ।

ਧੰਨਵਾਦ ਸਹਿਤ ।

ਤੁਹਾਡਾ ਸ਼ੁਭ ਚਿੰਤਕ ,

ਨਾਂ.....................,

ਪਤਾ....................।

ਮਿਤੀ................

**ਤਿਆਰ ਕਰਤਾ**

**ਸੰਦੀਪ ਸਿੰਘ ਪੰਜਾਬੀ ਮਾਸਟਰ**

**ਸਰਕਾਰੀ ਹਾਈ ਸਕੂਲ ਭਿੰਡੀ ਔਲਖ (ਅੰਮ੍ਰਿਤਸਰ)**

**ਮੋਬਾਈਲ 8437626373**


